# ਪੰਜਾਬੀ ਵਸਤੂਨਿਸ਼ਠ

1. ਮਨਜੀਤ ਨਿਹਾਲ ਕੌਰ ਦੀ ਕੀ ਲੱਗਦੀ ਹੈ?

ਉੱਤਰ – ਨੂੰਹ ।

2. ਵਜ਼ੀਰਾ ਘਰੋਂ ਕਿਹੜੇ ਸੰਦ ਲੈ ਕੇ ਗਿਆ ਸੀ?

ਉੱਤਰ – ਤੇਸਾ ਤੇ ਆਰੀ ।

3. ਤੁਰਨ ਨਾਲ ਮਨ ਵਿੱਚ ਕੀ ਉਪਜਦਾ ਹੈ?

ਉੱਤਰ – ਸਵੈ ਵਿਸ਼ਵਾਸ ।

4. ਬੰਤੇ ਦੇ ਕਿੰਨੇ ਮੁੰਡੇ ਅਤੇ ਕਿੰਨੇ ਕੁੜੀਆਂ ਸਨ?

ਉੱਤਰ – ਇੱਕ ਮੁੰਡਾ ਅਤੇ ਦੋ ਕੁੜੀਆਂ ।

5. ਬੰਤੇ ਦੇ ਵਾਲ ਕਿਸ ਨੇ ਕਟਵਾ ਦਿਤੇ ਸਨ?

ਉੱਤਰ – ਵੱਡੇ ਮਾਮੇ ਨੇ ।

6. 'ਬੰਮ ਬਹਾਦਰ' ਕਹਾਣੀ ਵਿੱਚ ਮਹੰਤ ਕੌਣ ਹੈ?

ਉੱਤਰ – ਮਾਤਾਦੀਨ ।

7. ਅਮਰੀਕ ਅਨੁਸਾਰ ਪਿਓ ਕਿਹੋ ਜਿਹੇ ਹੋਣੇ ਚਾਹੀਦੇ ਹਨ?

ਉੱਤਰ – ਚਿੱਟੀ ਦਾੜ੍ਹੀ ਵਾਲੇ ।

8. 'ਜ਼ਫਰਨਾਮਾ' ਇਕਾਂਗੀ ਦੇ ਲੇਖਕ ਦਾ ਨਾਂ ਕੀ ਹੈ?

ਉੱਤਰ – ਹਰਚਰਨ ਸਿੰਘ।

9. 'ਏ ਸਰੀਰਾ ਮੇਰਿਆ' ਬਾਣੀ ਕਿਸ ਦੀ ਹੈ?

ਉੱਤਰ – ਸ੍ਰੀ ਗੁਰੁ ਅਮਰਦਾਸ ਜੀ ।

10. ਫ਼ਰੀਦ ਜੀ ਅਨੁਸਾਰ ਸਭ ਦੇ ਹਿਰਦਿਆਂ ਵਿੱਚ ਕੌਣ ਵਸਦਾ ਹੈ?

ਉੱਤਰ- ਪਰਮਾਤਮਾ ।

11. ਗੁਰੂ ਅਮਰਦਾਸ ਜੀ ਦੀ ਬਾਣੀ ਦਾ ਨਾਂ ਲਿਖੋ?

ਉੱਤਰ – 'ਅਨੰਦ ਭਇਆ ਮੇਰੀ ਮਾਏ' ।

12. ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਵਾਰ ਕਿਹੜੀ ਹੈ?

ਉੱਤਰ – ਚੰਡੀ ਦੀ ਵਾਰ ।

13. ਗੁਰੂ ਨਾਨਕ ਦੇਵ ਜੀ ਦਾ ਸਾਥੀ ਕੌਣ ਸੀ?

ਉੱਤਰ – ਭਾਈ ਮਰਦਾਨਾ ਜੀ ।

14. ਗੁਰੂ ਨਾਨਕ ਦੇਵ ਜੀ ਦੀਆਂ ਕਿੰਨੀਆਂ ਰਚਨਾਵਾਂ ਸਾਹਿਤਮਾਲਾ ਵਿੱਚ ਦਰਜ ਹਨ?

ਉੱਤਰ – ਤਿੰਨ ।

15. ਰਬਾਬ ਖ਼ਰੀਦਣ ਲਈ ਮਰਦਾਨੇ ਨੇ ਬੀਬੀ ਨਾਨਕੀ ਤੋਂ ਕਿੰਨੇ ਪੈਸੇ ਲਏ ?

ਉੱਤਰ – ਸੱਤ ਰੁਪਏ ।

16. ਹਿਊਨ ਸਾਂਗ ਅਤੇ ਫਾਹਯਾਨ ਚੀਨ ਤੋ ਕਿਵੇਂ ਪੁੱਜੇ ਸਨ?

ਉੱਤਰ – ਤੁਰ ਕੇ ਭਾਰਤ ਪੁੱਜੇ ਸਨ ।

17. ਕੁਲਫ਼ੀ ਕਹਾਣੀ ਕਿਸ ਲੇਖਕ ਦੀ ਰਚਨਾ ਹੈ?

ਉੱਤਰ – ਸੁਜਾਨ ਸਿੰਘ ।

18. ਰਸ਼ੀਦ ਦਾ ਪੁੱਤਰ ਅਸਲਮ ਕਿੱਥੇ ਰਹਿੰਦਾ ਸੀ?

ਉੱਤਰ – ਅਮਰੀਕਾ ।

18. ਵੀਰਾਂ ਵਾਲੀ ਵਜ਼ੀਰੇ ਦੀ ਕੀ ਲੱਗਦੀ ਸੀ ?

ਉੱਤਰ – ਮਾਂ

19. ਮਨਜੀਤ ਦਾ ਪਤੀ ਕੌਣ ਸੀ ?

ਉੱਤਰ – ਸੁਖਦੇਵ ।

20. ਬੰਤਾ ਕਿਸ ਸ਼੍ਰੇਣੀ ਨਾਲ ਸੰਬੰਧ ਰੱਖਦਾ ਸੀ ?

ਉੱਤਰ – ਗਰੀਬ ਵਰਗ ।

21. ਬੰਤੇ ਨੂੰ ਆਪਣੀ ਕਿਹੜੀ ਮਾਮੀ ਚੰਗੀ ਲੱਗਦੀ ਸੀ ?

ਉੱਤਰ – ਸਭ ਤੋਂ ਛੋਟੀ ਮਾਮੀ ।

22. ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪ੍ਰਗਟ ਹੋਏ?

ਉੱਤਰ – ਕਲਯੁੱਗ ਵਿੱਚ ।

23. ਖੀਵੇ ਖਾਨ ਦੀ ਧੀ ਦਾ ਨਾਂ ਕੀ ਸੀ ?

ਉੱਤਰ – ਸਾਹਿਬਾ ।

24. ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ?

ਉੱਤਰ – ਨਾਮਧਾਰੀ ਜਾਂ ਕੂਕੇ ।

25. ਬਾਬਿਆਂ ਨੇ ਕੀ ਚਟਮ ਕੀਤਾ ?

ਉੱਤਰ – ਪ੍ਰਸ਼ਾਦ ਦਾ ਕੜਾਹਾ ।

26. ਰਸ਼ੀਦ ਕਿੱਥੇ ਨੌਕਰੀ ਕਰਦਾ ਸੀ ?

ਉੱਤਰ – ਦਿੱਲੀ ਦੇ ਦਫਤਰ ਵਿੱਚ ।

**27. ਅਮੀਰ ਘਰਾਂ ਵਿੱਚ ਕਿਨ੍ਹਾਂ ਦੀ ਸਿਹਤ ਠੀਕ ਰਹਿੰਦੀ ਹੈ?**

ਉੱਤਰ - ਨੌਕਰਾਂ ਦੀ ।

**28. ਨੀਟੂ ਕਿਸ ਦਾ ਬੱਚਾ ਹੈ?**

ਉੱਤਰ - ਹਰਦੇਵ ਬਾਜਵਾ ਅਤੇ ਸ਼ਰਨਜੀਤ ਦਾ ।

**29. ਸੁੱਖਦੇਵ ਕੌਰ ਦੇ ਕਿੰਨੇ ਬੱਚੇ ਸਨ?**

ਉੱਤਰ - ਦੋ ਧੀਆਂ ।

**30. ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ ?**

ਉੱਤਰ - ਬਾਪ ਦੀ ਮੌਤ ਹੋਣ ਕਾਰਨ ।

**31. ਦਿਆਲੇ ਦੀ ਘਰਵਾਲੀ ਕਿੱਥੇ ਗਈ ਹੋਈ ਸੀ ?**

ਉੱਤਰ - ਪੇਕੇ ਘਰ ।

**32. ਪੂਰਨ ਦਾ ਜਨਮ ਕਿੱਥੇ ਹੋਇਆ ?**

ਉੱਤਰ - ਸਿਆਲਕੋਟ ਵਿੱਚ ।

**33. ਭਾਈ ਗੁਰਦਾਸ ਜੀ ਦੀ ਇੱਕ ਕਵਿਤਾ ਦਾ ਨਾਂ ਲਿਖੋ?**

ਉੱਤਰ - ਦੇਖਿ ਪਰਾਈਆ ਚੰਗੀਆ ।

**34. ਸਿੱਖਾਂ ਦੀ ਅਰਦਾਸ ਵਿੱਚ ਕਿਸ ਚੀਜ਼ ਦੀ ਮੰਗ ਹੁੰਦੀ ਹੈ?**

ਉੱਤਰ - ਸਰਬੱਤ ਦੇ ਭਲੇ ਦੀ ।

**35. ਲੇਖਕ ਦੇ ਦਾਦੇ ਕਿੰਨੇ ਭਰਾ ਸਨ ?**

ਉੱਤਰ - ਚਾਰ ।

**36. ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ?**

ਉੱਤਰ - ਭੈਣ ।

**37. ਧਰਤੀ ਹੇਠਲਾ ਬਲਦ ਕਹਾਣੀ ਦੇ ਦੋ ਪਾਤਰਾਂ ਦੇ ਨਾਂ ਦੱਸੋ?**

ਉੱਤਰ - ਮਾਨ ਸਿੰਘ,ਕਰਮ ਸਿੰਘ ।

**38. ਬਾਬਰ ਨੇ ਕਿਸ ਅੱਗੇ ਸਿਰ ਝੁਕਾਇਆ ਸੀ?**

ਉੱਤਰ - ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ।

**39.'ਸਮੁੰਦਰੋਂ ਪਾਰ' ਇਕਾਂਗੀ ਦੇ ਅੰਤ ਵਿੱਚ ਗੋਲੀ ਕਿਸ ਦੇ ਵੱਜਦੀ ਹੈ?**

ਉੱਤਰ - ਸੁਖਦੇਵ ਬਾਜਵਾ ਦੇ ।

**40. ਨਾਵਲ ਦਾ ਨਾਇਕ ਰਿਕਸ਼ੇ ਦੇ ਪਹੀਏ ਦੀ ਤੁਲਨਾ ਕਿਸ ਚੀਜ਼ ਨਾਲ ਕਰਦਾ ਹੈ?**

ਉੱਤਰ - ਜ਼ਿੰਦਗੀ ਨਾਲ ।

**41. ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ ?**

ਉੱਤਰ - ਭੈਣਾਂ ਦੇ ਵਿਆਹ ਲਈ ।

**42. ਸਾਰਾ ਸੰਸਾਰ ਕਿਸ ਨੂੰ ਬੁਰਾ ਦਿਸਦਾ ਹੈ?**

ਉੱਤਰ - ਬੁਰੇ ਵਿਅਕਤੀ ਨੂੰ ।

**43. ਮਿਰਜ਼ੇ ਦੀ ਤਰਕਸ਼ ਵਿੱਚ ਕਿੰਨੇ ਤੀਰ ਸਨ?**

ਉੱਤਰ - 300 (ਤਿੰਨ ਸੌ)

**44. ਕਾਲੀਦਾਸ ਦੇ ਕਿੰਨੇ ਨਾਟਕ ਪ੍ਰਸਿੱਧ ਹਨ ?**

ਉੱਤਰ - ਚਾਰ ।

**45. ਹਲਕੇ ਫੁਲਕੇ ਹੋਣ ਦਾ ਹੁਨਰ ਕਿਹੜਾ ਹੈ?**

ਉੱਤਰ - ਤੁਰਨ ਫਿਰਨ ਦਾ ।

**46. ਖੱਦਰ-ਪੋਸ਼ ਬੀਬੀ ਕੌਣ ਸੀ ?**

ਉੱਤਰ - ਸ਼ਰਨ ਕੌਰ ।

**47. ਠੱਠੀਖਾਰਾ ਪਿੰਡ ਕਿੱਥੇ ਹੈ?**

ਉੱਤਰ - ਅਮ੍ਰਿੰਤਸਰ ਦੇ ਨੇੜੇ ।

**48. ਹਰਦੇਵ ਬਾਜਵਾ ਦੇ ਛੋਟੇ ਭਰਾ ਦਾ ਨਾਂ ਕੀ ਹੈ?**

ਉੱਤਰ - ਸੁਖਦੇਵ ਬਾਜਵਾ ।

**49. ਤਾਨਪੁਰੇ ਵਾਲੀ ਕੁੜੀ ਜਲੰਧਰ ਕੀ ਕਰਨ ਗਈ ਸੀ?**

ਉੱਤਰ - ਰੇਡਿਓ ਸਟੇਸ਼ਨ ਤੇ ਪ੍ਰੋਗਰਾਮ ਦੇਣ ।

**50. ਗੁਰੂ ਨਾਨਕ ਦੇਵ ਜੀ ਨੇ ਕਿਹੜੇ ਧਰਮ ਦੀ ਨੀਂਹ ਰੱਖੀ ?**

ਉੱਤਰ - ਸਿੱਖ ਧਰਮ ।

**51. 'ਚੰਡੀ ਦੀ ਵਾਰ' ਦੀ ਨਾਇਕਾ ਕੌਣ ਹੈ?**

ਉੱਤਰ - ਦੁਰਗਾ ਦੇਵੀ ।

**52. ਗੁਰਬਖਸ਼ ਸਿੰਘ ਅਨੁਸਾਰ ਜਵਾਨੀ ਤੇ ਬੁਢਾਪੇ ਨਾਲੋਂ ਕਿਹੜਾ ਸਮਾਂ ਕੀਮਤੀ ਹੈ?**

ਉੱਤਰ - ਬਚਪਨ ਦਾ ।

**53. ਗਰੀਬ ਤੋਂ ਗਰੀਬ ਕੂਕਾ ਵੀ ਆਪਣੇ ਗੁਆਂਢੀਆਂ ਨਾਲੋਂ ਕਿਸ ਗੱਲ ਵਿੱਚ ਵੱਖਰਾ ਦਿਸਦਾ ਹੈ ?**

ਉੱਤਰ - ਸਾਫ ਬਸਤਰ ਤੇ ਸਵੱਛ ਰਹਿਣੀ ਬਹਿਣੀ ਕਾਰਨ ।

**54. ਕੁਲਫ਼ੀ ਕਹਾਣੀ ਦੀ ਘਟਨਾ ਕਿਹੜੀ ਮਹੀਨੇ ਵਿੱਚ ਵਾਪਰਦੀ ਹੈ?**

ਉੱਤਰ - ਜੂਨ ਮਹੀਨੇ ਵਿੱਚ ।

**55. ਰਸ਼ੀਦ ਨੇ ਘਰ ਦੇ ਆਸ-ਪਾਸ ਕਾਹਦੇ ਪੌਦੇ ਲਗਵਾਏ ?**
ਉੱਤਰ - ਗੁਲਾਬ ਦੇ ।
**56. ਵਜ਼ੀਰਾ ਵੀਰਾਂ ਵਾਲੀ ਦਾ ਕੀ ਲੱਗਦਾ ਹੈ ?**
ਉੱਤਰ - ਪੁੱਤਰ
**57. ਔਰੰਗਜ਼ੇਬ ਨੂੰ 'ਜ਼ਫਰਨਾਮਾ' ਕਿਸ ਨੇ ਲਿਖਿਆ ?**
ਉੱਤਰ - ਸ੍ਰੀ ਗੁਰੁ ਗੋਬਿੰਦ ਸਿੰਘ ਨੇ ।
**58. ਬੰਤਾ ਕੀ ਕੰਮ ਕਰਦਾ ਹੈ ?**
ਉੱਤਰ - ਰਿਕਸ਼ਾ ਚਾਲਕ ਹੈ ।
**59. ਦਿਆਲਾ ਸਵਾਰੀ ਕਿੱਥੋਂ ਲਿਆਇਆ ਸੀ ?**
ਉੱਤਰ - ਖਾਲਸਾ ਕਾਲਜ ਵੱਲੋਂ ।
**60. ਗੁਰੁ ਨਾਨਕ ਦੇਵ ਜੀ ਅਨੁਸਾਰ ਕਿਸ ਦੀ ਸਿਫ਼ਤ ਸਲਾਹ ਨਾਲ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ ?**
ਉੱਤਰ - ਪ੍ਰਭੂ ਦੀ ।
**61. ਗੁਰਬਖਸ਼ ਸਿੰਘ ਦੇ ਇਕ ਲੇਖ ਦਾ ਨਾਂ ਦੱਸੋ?**
ਉੱਤਰ- ਬੋਲੀ ।
**62. ਪੱਛਮ ਵਾਲਿਆਂ ਨੇ ਕਾਲੀਦਾਸ ਨੂੰ ਕੀ ਕਿਹਾ ਹੈ ?**
ਉੱਤਰ - ਹਿੰਦੁਸਤਾਨ ਦਾ ਸ਼ੈਕਸਪੀਅਰ ।
**63. 'ਇੱਕ ਪੈਰ ਘੱਟ ਤੁਰਨਾ'ਕਹਾਣੀ ਦੇ ਕਹਾਣੀਕਾਰ ਦਾ ਨਾਂ ਕੀ ਹੈ ?**
ਉੱਤਰ - ਅਜੀਤ ਕੌਰ ।
**64. ਧਰਤੀ ਹੇਠਲਾ ਬਲਦ ਕਹਾਣੀ ਦੇ ਕਿਹੜੇ ਪਾਤਰ ਦੀ ਜੀਭ ਵਿੱਚ ਬਹੁਤ ਰਸ ਸੀ**
ਉੱਤਰ - ਫੌਜੀ ਕਰਮ ਸਿੰਘ ।
**65.'ਇੱਕ ਨੌਜਵਾਨ ਪੁੱਤਰ' ਕਿਸ ਇਕਾਂਗੀ ਦਾ ਪਾਤਰ ਹੈ?**
ਉੱਤਰ - ਨਾਇਕ ਇਕਾਂਗੀ ।
**66. ਨਿਹਾਲ ਕੌਰ ਆਪਣੀ ਨੂੰਹ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ ?**
ਉੱਤਰ - ਆਪਣੇ ਪੁੱਤਰ ਦੇ ਦੂਜੇ ਵਿਆਹ ਦਾ ।
**67. ਨਾਵਲ 'ਇਕ ਹੋਰ ਨਵਾਂ ਸਾਲ'ਦੇ ਕਿੰਨੇ ਕਾਂਡ ਹਨ ?**
ਉੱਤਰ - ਤਿੰਨ (ਸਵੇਰ,ਦੁਪਹਿਰ, ਸ਼ਾਮ)
**68. ਛੁੰਮਣ ਆਪਣੇ ਪਿਤਾ ਬੰਤੇ ਤੋਂ ਕਿਹੜਾ ਪਾਠ ਪੜ੍ਹਨਾ ਚਾਹੁੰਦਾ ਸੀ ?**
ਉੱਤਰ - ਆਪਣਾ ਦੇਸ ।
**69. ਪੰਜਾਬੀ ਸੂਫ਼ੀ-ਕਵਿ ਦਾ ਮੋਢੀ ਕੌਣ ਹੈ ?**
ਉੱਤਰ - ਬਾਬਾ ਫ਼ਰੀਦ ਜੀ ।
**70. ਪੀਲੂ ਨੇ ਕਿਹੜਾ ਕਿੱਸਾ ਲਿਖਿਆ ?**
ਉੱਤਰ - ਮਿਰਜ਼ਾ-ਸਾਹਿਬਾ ।
**71. ਸੁਕਰਾਤ ਨੇ ਸ਼ਰਬਤ ਵਾਂਗ ਕੀ ਪੀਤਾ ?**
ਉੱਤਰ - ਜ਼ਹਿਰ ।
**72. ਮਨੁੱਖ ਦੇ ਪਿਆਰ ਦੀਆਂ ਸੱਧਰਾਂ ਕਿੱਥੇ ਪਲਦੀਆਂ ਹਨ ?**
ਉੱਤਰ - ਘਰ ਵਿੱਚ ।
**73.'ਅੰਗ-ਸੰਗ' ਕਹਾਣੀਅ ਦੀਆਂ ਘਟਨਾਵਾਂ ਕਿਹੋ ਜਿਹੀ ਰਾਤ ਵਿੱਚ ਵਾਪਰਦੀਆਂ ਹਨ?**
ਉੱਤਰ - ਘੁੱਪ ਹਨ੍ਹੇਰੀ ਰਾਤ ਵਿੱਚ ।
**74. ਮਾਸੀ ਪਾਕਿਸਤਾਨੋਂ ਕਿਸ ਥਾਂ ਤੋਂ ਆਈ ਸੀ ?**
ਉੱਤਰ- ਰਾਵਲਪਿੰਡੀ ।
**75. 'ਦੂਜਾ ਵਿਆਹ' ਇਕਾਂਗੀ ਦਾ ਲੇਖਕ ਕੌਣ ਹੈ ?**
ਉੱਤਰ - ਪਿ.ਸੰਤ ਸਿੰਘ ਸੇਖੋਂ ।
**76. ਇੱਕ ਹੋਰ ਨਵਾਂ ਸਾਲ ਦੇ ਦੂਜੇ ਕਾਂਡ ਦਾ ਨਾਂ ਦੱਸੋ।**
ਉੱਤਰ - ਦੁਪਹਿਰ ।
**77.'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ'ਦਾ ਲੇਖਕ ਕੌਣ ਹੈ?**
ਉੱਤਰ- ਸ਼ਾਹ ਮੁਹੰਮਦ ।
**78. ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ ?**
ਉੱਤਰ - ਇਸ਼ਕ ਹਕੀਕੀ (ਰੱਬ ਦੇ ਇਸ਼ਕ ਦੀ ) ।
**79. 'ਬਾਬਾ ਰਾਮ ਸਿੰਘ ਕੂਕਾ' ਲੇਖ ਕਿਸ ਦੀ ਰਚਨਾ ਹੈ?**
ਉੱਤਰ- ਸ.ਕਪੂਰ ਸਿੰਘ ।
**80. ਮਾਸੀ ਦੇ ਇੰਗਲੈਂਡ ਵਿੱਚ ਰਹਿੰਦੇ ਪੁੱਤਰ ਦਾ ਨਾਂ ਦੱਸੋ?**
ਉੱਤਰ- ਬਲਵੰਤ ਰਾਏ ।
**81. ਗੁਰੂ ਤੇਗ ਬਹਾਦਰ ਜੀ ਦੇ ਕਤਲ ਦਾ ਹੁਕਮ ਕਿਸ ਨੇ ਦਿਤਾ ਸੀ ?**
ਉੱਤਰ- ਔਰੰਗਜੇਬ ਨੇ ।
**82. ਬਚਪਨ ਵਿੱਚ ਬੰਤਾ ਕਿਸ ਕੋਲੋਂ ਬਾਤਾਂ ਸੁਣ ਕੇ ਆਨੰਦ ਲੈਂਦਾ ਸੀ ?**
ਉੱਤਰ- ਬੇਬੇ ਕੋਲੋਂ ।

83. ਮਿਰਜ਼ੇ ਦਾ ਤਰਕਸ਼ ਜੰਡ ਉੱਤੇ ਕਿਸ ਨੇ ਟੰਗਿਆ ਸੀ ?

ਉੱਤਰ - ਸਾਹਿਬਾਂ ਨੇ ।

84. ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਕਿਹੜੀ ਧੁੰਦ ਮਿਟ ਗਈ ?

ਉੱਤਰ - ਅਗਿਆਨਤਾ ਦੀ ।

85. ਪਿਆਰ,ਹਮਦਰਦੀ,ਕੁਰਬਾਨੀ ਤੇ ਸੇਵਾ ਆਦਿ ਗੁਣ ਕਿੱਥੇ ਸਿੱਖੇ ਜਾ ਸਕਦੇ ਹਨ

ਉੱਤਰ - ਘਰ ਵਿੱਚ ।

86. ਅਜੋਕੇ ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਗਈਆਂ ਹਨ ?

ਉੱਤਰ - ਨਾ ਤੁਰਨ ਕਰ ਕੇ ।

87. ਮਾਸੀ ਨੇ ਆਪਣੇ ਪੁੱਤਰ ਬਲਵੰਤ ਰਾਏ ਅੱਗੇ ਕੀ ਦੇਖਣ ਦੀ ਇੱਛਾ ਪ੍ਰਗਟ ਕੀਤੀ ?

ਉੱਤਰ - ਇੰਗਲੈਂਡ ।

88. ਕਰਮ ਸਿੰਘ ਫੌਜ ਵਿੱਚ ਕੀ ਸੀ ?

ਉੱਤਰ - ਹੌਲਦਾਰ ।

89. ਥਾਣੇਦਾਰ ਵਜ਼ੀਰੇ ਨੂੰ ਕਿਹੜੇ ਬੰਬ ਬਣਾਉਣ ਵਾਲਾ ਸਮਝਦਾ ਹੈ ?

ਉੱਤਰ - ਕੈਮੀਕਲ ਬੰਬ ।

90.ਬੰਤਾ ਤਾਰੋ ਨੂੰ ਸਵੇਰੇ ਸਵੇਰੇ ਕਿਹੜੀ ਚਾਹ ਪੀਣ ਲਈ ਕਹਿੰਦਾ ਹੈ ?

ਉੱਤਰ - ਬੈੱਡ ਟੀ ।

91. 'ਸੋ ਕਿਉਂ ਮੰਦਾ ਆਖੀਐ' ਸ਼ਬਦ ਵਿੱਚ ਕਿਸ ਦੀ ਮਹਾਨਤਾ ਦੱਸੀ ਗਈ ਹੈ?

ਉੱਤਰ - ਇਸਤਰੀ ਦੀ ।

92. ਭਰਾਵਾਂ ਨੇ ਰਾਂਝੇ ਨੂੰ ਕਿਹੋ ਜਿਹੀ ਜ਼ਮੀਨ ਦਿੱਤੀ ?

ਉੱਤਰ - ਬੰਜਰ ।

93. ਲੇਖਕ ਗੁਰਦਿੱਤ ਸਿੰਘ ਦੇ ਨਾਂ ਨਾਲ਼ ਕਿਹੜਾ ਸ਼ਬਦ ਜੁੜਿਆ ਹੋਇਆ ਸੀ ?

ਉੱਤਰ - ਗਿਆਨੀ ।

94.'ਬਾਗੀ ਦੀ ਧੀ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਦੱਸੋ ?

ਉੱਤਰ - ਕਿਸ਼ਨ ਸਿੰਘ, ਸ਼ਰਨ ਕੌਰ, ਹੁਸ਼ਨਾਕ ਸਿੰਘ, ਵੀਰਾਂਵਾਲੀ ।

95 'ਨਾਇਕ' ਇਕਾਂਗੀ ਵਿੱਚ ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ ?

ਉੱਤਰ - ਤਿੰਨ (ਪਿਤਾ, ਇੰਟਰਵਿਊ ਲੈਣ ਵਾਲਾ, ਜੱਜ ) ।

96. ਨਾਵਲ 'ਇਕ ਹੋਰ ਨਵਾਂ ਸਾਲ' ਦਾ ਮੁੱਖ ਪਾਤਰ ਕੌਣ ਹੈ?

ਉੱਤਰ - ਬੰਤਾ ।

97. ਬੰਤੇ ਨੇ ਅਪਰੇਸ਼ਨ ਵਾਲੀ ਤੀਵੀਂ ਦੀ ਸਹਾਇਤਾ ਕਿਵੇਂ ਕੀਤੀ ?

ਉੱਤਰ - ਖ਼ੂਨ ਦੇ ਕੇ ।

98. ਬਾਬਾ ਫਰੀਦ ਅਨੁਸਾਰ ਰੱਬ ਕਿੱਥੇ ਵਸਦਾ ਹੈ?

ਉੱਤਰ - ਮਨੁੱਖ ਦੇ ਹਿਰਦੇ ਵਿੱਚ ।

99. ਬੁਲ੍ਹੇ ਨਾਲੋਂ ਚੰਗਾ ਕਿਸ ਨੂੰ ਕਿਹਾ ਜਾਂਦਾ ਹੈ?

ਉੱਤਰ - ਚੁੱਲ੍ਹੇ ਨੂੰ ।

100. ਕਾਲੀਦਾਸ ਕਿਸ ਦੇ ਨੌਂ ਰਤਨਾਂ ਵਿੱਚੋਂ ਇੱਕ ਸੀ ?

ਉੱਤਰ - ਰਾਜਾ ਬਿਕ੍ਰਮਾਜੀਤ ।

101.'ਤੁਰਨ ਦਾ ਹੁਨਰ'ਲੇਖ ਦਾ ਲੇਖਕ ਕਿਹੜਾ ਹੈ?

ਉੱਤਰ - ਨਰਿੰਦਰ ਸਿੰਘ ਕਪੂਰ ।

102. ਰਸ਼ੀਦ ਦੀ ਪਤਨੀ ਦਾ ਨਾਂ ਕੀ ਸੀ?

ਉੱਤਰ - ਫ਼ਰੀਦਾ ।

101. ਮਾਨ ਸਿੰਘ ਕਿੱਥੋਂ ਛੁੱਟੀ ਲੈ ਕੇ ਆਇਆ ਸੀ ?

ਉੱਤਰ - ਫੌਜ ਵਿੱਚੋਂ ।

102. ਨੀਟੂ ਦੀ ਉਮਰ ਕਿੰਨੀ ਹੈ ?

ਉੱਤਰ - ਤਿੰਨ ਸਾਲ ।

103. 'ਇੱਕ ਹੋਰ ਨਵਾਂ ਸਾਲ'ਦਾ ਲੇਖਕ ਕੌਣ ਹੈ ?

ਉੱਤਰ - ਨਰਿੰਜਨ ਤਸਨੀਮ ।

104. ਫ਼ਰੀਦ ਜੀ ਅਨੁਸਾਰ ਕਿਸੇ ਦੇ ਔਗੁਣ ਫ਼ੋਲਣ ਤੋਂ ਪਹਿਲਾਂ ਕਿਧਰ ਵੇਖ ਲੈਣਾ ਚਾਹੀਦਾ ਹੈ ?

ਉੱਤਰ - ਆਪਣੇ ਔਗੁਣਾਂ ਵੱਲ ।

105. ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜ ਆਉਣ ਨੂੰ ਜੀ ਕਰਦਾ ਹੈ?

ਉੱਤਰ - ਆਪਣੇ ਘਰ ਵਿੱਚ ।

106. 'ਬੰਮ ਬਹਾਦਰ'ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਦੱਸੋ ?

ਉੱਤਰ - ਮਾਤਾਦੀਨ,ਮਹਾਰਾਜ, ਮਹਾਰਾਣੀ ।

107. 'ਸਮੁੰਦਰੋ ਪਾਰ' ਇਕਾਂਗੀ ਚ ਕਿਹੜਾ ਪਾਤਰ ਘਟੀਆ ਆਚਰਨ ਦਾ ਮਾਲਕ ਹੈ?

ਉੱਤਰ - ਹਰਦੇਵ ਬਾਜਵਾ ।

108. ਬੁਲ੍ਹੇ ਸ਼ਾਹ ਨੂੰ ਆਪਣੀ ਮੈਂ ਕਿਹੋ ਜਿਹੀ ਪ੍ਰਤੀਤ ਹੁੰਦੀ ਹੈ?

ਉੱਤਰ - ਰੱਬ ਨਾਲ ਇਕਮਿਕ ।

**109. ਬੋਲੀ  ਲੇਖ ਦਾ ਲੇਖਕ ਕਿਹੜੀ ਚੀਜ਼ ਦੀ ਭੁੱਖ ਪੈਦਾ ਕਰਨ ਲਈ ਕਹਿੰਦਾ ਹੈ?**
ਉੱਤਰ - ਲਫ਼ਜ਼ਾਂ ਦੀ ।
**110. ਕਹਾਣੀ ਵਿੱਚ ਧਰਤੀ ਹੇਠਲਾ ਬਲਦ ਕਿਸ ਨੂੰ ਕਿਹਾ ਗਿਆ ਹੈ ?**
ਉੱਤਰ - ਫੌਜੀ ਕਰਮ ਸਿੰਘ ਦੇ ਬਾਪੂ ਨੂੰ ।
**111. ਅੰਗ-ਸੰਗ ਕਹਾਣੀ ਦਾ ਲੇਖਕ ਕੌਣ ਹੈ?**
ਉੱਤਰ - ਵਰਿਆਮ ਸੰਧੂ ।
**112. ਫ਼ਰੀਦ ਜੀ ਕਿਸੇ ਨਾਲ ਕਿਹੋ ਜਿਹਾ ਬੋਲ ਬੋਲਣ ਤੋਂ ਵਰਜਦੇ ਹਨ ?**
ਉੱਤਰ - ਫ਼ਿੱਕਾ ।
**113. ਬਲਵੰਤ ਰਾਏ ਕਿਹੜੇ ਦਿਨ ਨੂੰ ਆਪਣੇ ਲਈ ਸੁਰਗ ਸਮਝਦਾ ਸੀ ?**
ਉੱਤਰ - ਐਤਵਾਰ ਨੂੰ ।
**114. ਪੁੱਤਰ ਸਿਫ਼ਾਰਿਸ਼ ਦੇ ਹੱਕ ਵਿੱਚ ਹੈ ਜਾਂ ਨਹੀਂ ।**
ਉੱਤਰ - ਨਹੀਂ ।
**115. ਭਾਈ ਗੁਰਦਾਸ ਅਨੁਸਾਰ ਚਾਰੇ ਦਿਸ਼ਾਵਾਂ ਤੇ ਨੌਂ ਖੰਡਾਂ ਨੂੰ ਕਿਸ ਨੇ ਤਾਰਿਆ ਸੀ ?**
ਉੱਤਰ - ਸ੍ਰੀ ਗੁਰੂ ਨਾਨਕ ਦੇਵ ਜੀ ਨੇ ।
**116. ਰਬਾਬੀ ਦਾ ਨਾਂ ਕੀ ਸੀ ?**
ਉੱਤਰ - ਫ਼ਰਹਿੰਦਾ ।
**117.ਰਾਜੇ ਮਹਾਰਾਜੇ ਕਿਸ ਤੋਂ ਜਨਮ ਲੈਂਦੇ ਹਨ ?**
ਉੱਤਰ- ਇਸਤਰੀ ਤੋਂ ।
**118. ਬੰਦੇ ਦੇ ਕੰਮ ਆਉਣ ਵਾਲੀ ਅਸਲ ਜਾਇਦਾਦ ਕਿੰਨੀ ਕੁ ਹੈ?**
ਉੱਤਰ- ਸਾਢੇ ਤਿੰਨ ਹੱਥ ।
**119.ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲੱਗਦੀ ਸੀ ?**
ਉੱਤਰ- ਭੈਣ ।
**120. 'ਗਗਨ ਮੈ ਥਾਲੁ'ਬਾਣੀ ਵਿੱਚ ਕਿਸ ਦੀ ਆਰਤੀ ਉਤਾਰੀ ਜਾ ਰਹੀ ਹੈ?**
ਉੱਤਰ- ਭਵਖੰਡਨਾ ( ਪਰਮਾਤਮਾ ) ।
**121. 'ਇਸ਼ਕ ਦੀ ਨਵੀਉਂ ਨਵੀਂ ਬਹਾਰ'ਕਵਿਤਾ ਵਿਚ ਕਵੀ ਕਿਸ ਦੇ ਵਿਰੁੱਧ ਅਵਾਜ਼ ਉਠਾਉਂਦਾ ਹੈ ?**
ਉੱਤਰ- ਧਾਰਮਿਕ ਕਰਮਕਾਂਡ ਵਿਰੁੱਧ ।
**122. ਰੰਗੜ ਨਾਲੋਂ ਚੰਗਾ ਕਿਸ ਨੂੰ ਕਿਹਾ ਗਿਆ ਹੈ ?**
ਉੱਤਰ - ਖਿੰਗਰ ਨੂੰ ।
**123. ਅੰਗ ਸੰਗ ਕਹਾਣੀ ਵਿਚਲੇ ਪਰਿਵਾਰ ਦੇ ਸਭ ਤੋਂ ਵੱਡੇ ਮੁੰਡੇ ਦਾ ਨਾਂ ਕੀ ਹੈ?**
ਉੱਤਰ - ਅਮਰੀਕ ਸਿੰਘ ।
**124. 'ਦੁਰਗਾ ਪਾਠ 'ਕਿਹੜੀ ਰਚਨਾ ਨੂੰ ਕਿਹਾ ਗਿਆ ਹੈ ?**
ਉੱਤਰ - ਚੰਡੀ ਦੀ ਵਾਰ ।
**125. ਮਿਰਜ਼ਾ ਸਾਹਿਬਾਂ ਕਿੱਥੇ ਪੜ੍ਹਦੇ ਸਨ ?**
ਉੱਤਰ - ਮਸੀਤ ਵਿੱਚ ।
**126. ਮਾਸੀ ਨੇ ਮੰਦਰ ਵਿੱਚ ਕੀ ਕੀਤਾ ?**
ਉੱਤਰ - ਭਜਨ ਗਾਏ ।
**127. ਜ਼ੀਨਤ-ਉਨ-ਨਿਸਾ ਔਰੰਗਜ਼ੇਬ ਦੀ ਕੀ ਲੱਗਦੀ ਸੀ ?**
ਉੱਤਰ - ਪੁੱਤਰੀ ।
**128. ਐਬੌਰੰਗਜ਼ੇਬ ਦੀ ਬੇਗਮ ਦਾ ਨਾਂ ਕੀ ਸੀ ?**
ਉੱਤਰ - ਬੇਗ਼ਮ ਉਦੈਪੁਰੀ ।
**129. ਪੁੱਤਰ ਨੇ ਮੈਟ੍ਰਿਕ,ਬੀ.ਏ ਕਿਹੜੀ ਡਿਵੀਜ਼ਨ ਵਿੱਚ ਪਾਸ ਕੀਤੀ  ਹੈ?**
ਉੱਤਰ - ਫ਼ਸਟ ।
**130. ਜਦੋਂ ਰਸ਼ੀਦ ਦੀ ਮੌਤ ਹੋਈ ਤਾਂ ਉਹ ਕੀ ਕਰ ਰਿਹਾ ਸੀ?**
ਉੱਤਰ - ਪਤੰਗ ਉਡਾ ਰਿਹਾ ਸੀ ।
**131. ਸੱਸੀ ਦੇ ਪ੍ਰੇਮੀ ਦਾ ਨਾਂ ਕੀ ਸੀ ?**
ਉੱਤਰ - ਪੁੰਨੂੰ ।
**132. ਵਾਰਿਸ ਸ਼ਾਹ ਨੇ ਪਰੀ ਕਿਸ ਨੂੰ ਕਿਹਾ ਹੈ ?**
ਉੱਤਰ - ਹੀਰ ਨੂੰ ।
**133. ਮਾਸੀ ਦਾ ਕੱਦ ਕਿੰਨਾ ਸੀ ?**
ਉੱਤਰ - ਪੰਜ ਫੁੱਟ ਚਾਰ ਇੰਚ ।
**134. ਲੇਖਕ ਦੇ ਦਾਦੇ ਵਿਆਹ ਵਿੱਚ ਕਿਹੜੇ ਪਿੰਡ ਗਏ ?**
ਉੱਤਰ - ਛਾਪੇ ਪਿੰਡ ।
**135. ਕਿਸ ਧਰਮ ਵਿੱਚ ਅਰਦਾਸ ਦੀ ਖਾਸ ਅਹਿਮੀਅਤ ਹੈ?**
ਉੱਤਰ - ਸਿੱਖ ਧਰਮ ਵਿੱਚ ।
**136. ਲੇਖਕ ਅਨੁਸਾਰ ਆਮ ਕਰਕੇ ਸਿਆਣੇ ਤੇ ਦਿਲਚਸਪ ਕੌਣ ਹੁੰਦੇ ਹਨ?**
ਉੱਤਰ - ਅੰਨ੍ਹੇ ।

**137. ਲੇਖਕ ਜ਼ਿੰਦਗੀ ਦਾ ਅਸਲ ਸੋਨਾ ਕਿਸ ਨੂੰ ਕਹਿੰਦਾ ਹੈ?**

ਉੱਤਰ - ਅਕਲ ਨੂੰ ।

**138. ਜਗੀਰ ਕੌਰ ਕਿੱਥੇ ਡੁੱਬ ਕੇ ਮਰ ਜਾਣਾ ਚਾਹੁੰਦੀ ਹੈ ?**

ਉੱਤਰ - ਹਰੀਕੇ ਨਹਿਰ ਵਿੱਚ ।

**139. ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਕਿਸ ਦੇ ਹੱਥ ਭੇਜਿਆ ?**

ਉੱਤਰ - ਭਾਈ ਦਇਆ ਸਿੰਘ ।

**140. ਬੰਤੇ ਨੂੰ ਦਿਨ ਦੀ ਪਹਿਲੀ ਸਵਾਰੀ ਕਿਹੜੀ ਮਿਲਦੀ ਹੈ ਅਤੇ ਉਹ ਬੰਤੇ ਨੂੰ ਕਿੰਨੇ ਪੈਸੇ ਦਿੰਦਾ ਹੈ?**

ਉੱਤਰ - ਇੱਕ ਸਰਦਾਰ, ਉਹ ਬੰਤੇ ਨੂੰ 1 ਰੁਪਇਆ ਦਿੰਦਾ ਹੈ।